# ਭਾਗ 1:
# ਦੇਹ ਧਾਰਨ ਤੋਂ ਪਹਿਲਾਂ

## ਪੂਰਵ ਹੋਂਦ ਵਾਲੇ ਯਿਸੂ ਨੇ ਰਚਨਾ ਵਿਚ ਖ਼ੁਦਾ ਦੀ ਬੁੱਧ ਅਤੇ ਸ਼ਕਤੀ ਵਿਖਾਈ

ਯਿਸੂ ਨੂੰ ਲੋਕ ਧਰਤੀ 'ਤੇ ਉਹਦੀ ਸੇਵਕਾਈ ਦੇ ਨਜ਼ਰੀਏ ਨਾਲ ਵੇਖਦੇ ਹਨ। ਜਿਬਰਾਈਲ ਫ਼ਰਿਸ਼ਤੇ ਵੱਲੋਂ ਕੀਤਾ ਗਿਆ ਐਲਾਨ ਸਾਨੂੰ ਯਾਦ ਦਵਾਉਂਦਾ ਹੈ ਕਿ ਇਸ ਬੱਚੇ ਦਾ ਜਨਮ ਆਮ ਬੱਚਿਆਂ ਵਾਂਗ ਨਹੀਂ ਸੀ ਹੋਇਆ। ਉਹਦੇ ਜਨਮ ਦੇ ਨਾਲ ਇਹ ਖੁਸ਼ਖਬਰੀ ਵੀ ਸੀ ਕਿ ਖ਼ੁਦਾ ਦਾ ਮਸਾਯਾਹ (ਮਸੀਹਾ) ਆ ਚੁੱਕਿਆ ਹੈ। ਇਹ ਖ਼ੁਦਾ ਦੀ ਤਾਰੀਫ਼ ਅਤੇ ਵਡਿਆਈ ਦਾ ਮੌਕਾ ਸੀ। ਉਹਦੇ ਜਨਮ ਵੇਲੇ ਦੇ ਨੇੜੇ-ਤੇੜੇ ਹੋਣ ਵਾਲੀਆਂ ਸਭ ਘਟਨਾਵਾਂ ਦਿਮਾਗ਼ ਵਿਚ ਆਉਂਦੀਆਂ ਹਨ।

ਇਹ ਉਹ ਸਮਾਂ ਸੀ ਜਦ ਨਜੂਮੀਆਂ ਨੇ ਆ ਕੇ ਆਪਣੇ ਤੋਂ ਬੁੱਧਵਾਨ ਨੂੰ ਸਿਜਦਾ ਕੀਤਾ ਸੀ। ਉਹਦੇ ਲੜਕਪਨ ਦੀ ਇਕ ਝਲਕ ਸਾਡੇ 'ਤੇ ਉਹਦੀ ਸਹਿਜਬੁੱਧੀ ਨੂੰ ਜ਼ਾਹਿਰ ਕਰਦੀ ਹੈ, ਜਦ ਉਹਨੇ ਹੈਕਲ ਵਿਚ ਆਪਣੇ ਸਵਾਲਾਂ-ਜਵਾਬਾਂ ਨਾਲ ਯਹੂਦੀ ਧਰਮ ਦੇ ਮਾਹਿਰਾਂ ਨੂੰ ਦੰਗ ਕਰ ਦਿੱਤਾ ਸੀ। ਬੱਚੇ ਤੋਂ ਬੰਦਾ ਬਣਨ ਤਕ ਦੇ ਉਹਦੇ ਮਨੁੱਖੀ ਵਿਕਾਸ ਦੇ ਸੰਖੇਪ ਕਥਨ ਵਿਚ ਉਹਦੀ ਬੁੱਧ ਅਤੇ ਖ਼ੁਦਾ ਅਤੇ ਇਨਸਾਨ ਦੇ ਫ਼ਜ਼ਲ ਦੀ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ।[1]

ਭਲਾ ਯਿਸੂ ਦੀ ਬੁੱਧ ਨੂੰ ਦਿੱਤੇ ਜਾਣ ਵਾਲੇ ਮਹੱਤਵ ਦੇ ਅਰਥਾਂ 'ਤੇ ਅਸੀਂ ਕਦੇ ਧਿਆਨ ਕੀਤਾ ਹੈ? ਭਲਾ ਅਸੀਂ ਉਹਦੇ ਗੂੜ੍ਹੇ ਭੇਤ ਨੂੰ ਸਮਝਿਆ ਹੈ ਜਦ ਉਹਨੇ ਆਪਣੀ ਨਿੱਜੀ ਸੇਵਕਾਈ ਦੇ ਸ਼ੁਰੂ ਵਿਚ ਕਿਹਾ ਸੀ ਕਿ ਉਹਦਾ ਬਪਤਿਸਮਾ ''*ਸਾਰੀ* ਧਾਰਮਿਕਤਾ ਨੂੰ ਪੂਰਾ ਕਰਨ ਲਈ'' ਸੀ? ਭਲਾ ਅਸੀਂ ਧਿਆਨ ਦਿੱਤਾ ਹੈ ਕਿ ਸ਼ੈਤਾਨ ਵੱਲੋਂ ਕੀਤੀਆਂ ਗਈਆਂ ਸਭ ਅਜ਼ਮਾਇਸ਼ਾਂ ਵਿਚ ਕਾਇਮ ਰਹਿਣ ਵਿਚ ਉਹਦਾ ਤਰੀਕਾ ਅਤੇ ਉਹਦੀ ਕਾਬਲੀਅਤ ਉਹਦੇ ਅਜਬ ਗਿਆਨ ਅਤੇ ਖ਼ੁਦਾ ਦੇ ਵਚਨ ਦੀ ਤੁਰਤ ਵਰਤੋਂ ਕਰਨ ਕਰਕੇ ਸੀ? ਭਲਾ ਅਸੀਂ ਉਸ ਆਲ੍ਹਾ ਬੁੱਧ ਤੋਂ ਭਾਵ ਮਨੁੱਖੀ ਸੋਚ ਤੋਂ ਉੱਪਰਲੀ ਬੁੱਧ ਤੋਂ ਜਿਸ ਨੂੰ ਯਿਸੂ ਦੇ ''ਪਹਾੜੀ ਉਪਦੇਸ਼'' ਆਖਿਆ ਜਾਂਦਾ ਹੈ, ਹੈਰਾਨ ਹੁੰਦੇ ਹਾਂ? ਬੇਸ਼ੱਕ ਸਾਨੂੰ ਉਸ 'ਤੇ ਹੈਰਾਨੀ ਹੁੰਦੀ ਹੈ! ਯਿਸੂ ਦੀ ਬੁੱਧ ਦੀ ਚਮਕ ਉਹਦੀ ਹਰ ਗੱਲ, ਕੰਮ ਅਤੇ ਵਿਹਾਰ ਵਿਚ ਮਿਲਦੀ ਹੈ।

ਯਿਸੂ ਵੱਲੋਂ ਬੁੱਧ ਦਾ ਇਹ ਮੁਜ਼ਾਹਿਰਾ ਕਰਨਾ ਲਾਜ਼ਮੀ ਸੀ। ਭਲਾ ਪਾਣੀ ਨੂੰ ਗਿੱਲਾ ਹੋਣ ਤੋਂ ਰੋਕਿਆ ਜਾ ਸਕਦਾ ਹੈ? ਭਲਾ ਅੱਗ ਨੂੰ ਗਰਮ ਹੋਣ ਤੋਂ ਰੋਕਿਆ ਜਾ ਸਕਦਾ ਹੈ? ਭਲਾ

ਖ਼ੁਦਾ ਨੂੰ ਬੁੱਧਵਾਨ ਹੋਣ ਤੋਂ ਰੋਕਿਆ ਜਾ ਸਕਦਾ ਹੈ? ਬੇਸ਼ੱਕ ਇਨ੍ਹਾਂ ਸਵਾਲਾਂ ਦਾ ਜਵਾਬ ਹੈ ਕਿ ''*ਨਹੀਂ!*'' ਗਿੱਲਾ ਹੋਣਾ ਪਾਣੀ ਦਾ ਸੁਭਾਅ ਹੈ ਅਤੇ ਗਰਮ ਹੋਣਾ ਅੱਗ ਦਾ ਸੁਭਾਅ। ਖ਼ੁਦਾ ਦਾ ਸੁਭਾਅ ਬੁੱਧਵਾਨ ਜਾਂ ਦਾਨਿਸ਼ਮੰਦ ਹੋਣਾ ਹੈ। ਪੂਰੇ ਸਨਾਤਨਕਾਲ ਅਤੇ ਸਮੇਂ ਵਿਚ, ਖ਼ੁਦਾ ਨੇ ਨਾ ਤਾਂ ਮੂਰਖਤਾ ਵਾਲਾ ਕੋਈ ਕੰਮ ਕੀਤਾ ਅਤੇ ਨਾ ਹੀ ਮੂਰਖਤਾ ਦੀ ਗੱਲ।

ਤਸਲੀਸ ਜਾਂ ਤ੍ਰਿਏਕ 'ਤੇ ਆਪਣਾ ਅਧਿਐਨ ਜਾਰੀ ਰੱਖਦਿਆਂ ਅਸੀਂ ਵੇਖਾਂਗੇ ਕਿ ਯਿਸੂ, ਪਰਮੇਸ਼ੁਰ ਪੁੱਤਰ ਨੇ ਕਿਵੇਂ ਸੰਸਾਰ ਵਿਚ ਆਪਣੇ ਜਨਮ ਤੋਂ ਪਹਿਲਾਂ ਵੀ ਪਿਤਾ ਦੀ ਬੁੱਧ ਅਤੇ ਸਮਰੱਥਾ ਨੂੰ ਵਿਖਾਇਆ ਸੀ।

---

ਟਿੱਪਣੀ

[1]ਯਿਸੂ ਦੀ ਜ਼ਿੰਦਗੀ ਨਾਲ ਜੁੜੇ ਕਥਨ ਲਈ ਹਵਾਲੇ ਇਸ ਤਰ੍ਹਾਂ ਹਨ: ਮੱਤੀ 2:1, 2, 11; 3:13-15; 4:1-11; ਲੂਕਾ 1:19; 2:11, 13, 14, 42-47, 49, 52.